ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਿਰੋਜ਼ਪੁਰ

ਪ੍ਰੈਸ ਨੋਟ 1

- ਫ਼ਰੀਦਕੋਟ ਦੇ ਪੋਜਟਿਵ ਕੇਸ ਨਾਲ ਸੰਪਰਕ ਰੱਖਦੇ 17 ਵਿਅਕਤੀਆਂ ਨੂੰ ਹੋਮ ਕੁਆਰਨਟਾਈਨ ਕੀਤਾ ਗਿਆ ਹੈ- ਡਿਪਟੀ ਕਮਿਸ਼ਨਰ
- ਕਰੋਨਾ ਦੇ ਪ੍ਰਭਾਵ ਤੋਂ ਬਚਣ ਲਈ ਲੋਕ ਸਰਕਾਰ ਵੱਲੋਂ ਜਾਰੀ ਸਾਵਧਾਨੀਆਂ ਅਤੇ ਨਿਯਮਾਂ ਦੀ ਪਾਲਨਾ ਕਰਨ

ਫਿਰੋਜ਼ਪੁਰ 6 ਅਪ੍ਰੈਲ ( ) ਡਿਪਟੀ ਕਮਿਸ਼ਨ ਸ੍ਰ: ਕੁਲਵੰਤ ਸਿੰਘ ਨੇ ਦੱਸਿਆ ਫ਼ਰੀਦਕੋਟ ਦੇ ਪੋਜਟਿਵ ਕੇਸ ਨਾਲ ਸੰਪਰਕ ਰੱਖਦੇ ਫਿਰੋਜ਼ਪੁਰ ਦੇ ਕੁੱਲ 17 ਵਿਅਕਤੀਆਂ ਨੂੰ ਹੋਮ ਕੁਆਰਟਾਈਨ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿ ਫ਼ਰੀਦਕੋਟ ਵਿਖੇ ਹਰਿੰਦਰ ਨਗਰ ਦੇ ਰਹਿਣ ਵਾਲੇ ਇੱਕ ਵਿਅਕਤੀ ਦੀ ਕਰੋਨਾ ਰਿਪੋਰਟ ਪੋਜਟਿਵ ਆਈ ਸੀ ਅਤੇ ਉਸ ਵਿਅਕਤੀ ਦੇ ਕੁੱਝ ਰਿਸ਼ਤੇਦਾਰ ਜੋ ਕਿ ਫਿਰੋਜ਼ਪੁਰ ਦੇ ਰਹਿਣ ਵਾਲੇ ਹਨ।

ਉਨ੍ਹਾਂ ਦੱਸਿਆ ਕਿ ਰਿਸ਼ਤੇਦਾਰਾਂ ਅਤੇ ਹੋਰਾਂ ਲੋਕਾਂ ਨੂੰ ਕਰੋਨਾ ਦੇ ਪ੍ਰਭਾਵ ਤੋਂ ਬਚਾਉਣ ਲਈ ਲਈ ਸਿਹਤ ਵਿਭਾਗ ਵੱਲੋਂ 17 ਵਿਅਕਤੀਆਂ ਨੂੰ ਹੋਮ ਕੁਆਰਨਟਾਈਨ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ 11 ਵਿਅਕਤੀ ਫਿਰੋਜ਼ਪੁਰ ਸ਼ਹਿਰ ਅਤੇ 6 ਵਿਅਕਤੀ ਫਿਰੋਜ਼ਪੁਰ ਛਾਉਣੀ ਵਿਖੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਦੇ ਘਰ ਦੇ ਬਾਹਰ ਕੁਆਰਨਟਾਈਨ ਦੇ ਨੋਟਿਸ ਚਿਪਕਾਏ ਗਏ ਹਨ ਅਤੇ ਪੁਲਿਸ ਮੁਲਾਜ਼ਮਾਂ ਨੂੰ ਵੀ ਤੈਨਾਤ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਵਿਚ ਹਾਲੇ ਤੱਕ ਕਰੋਨਾ ਦੇ ਕੋਈ ਲੱਛਣ ਨਹੀਂ ਹਨ ਪਰ ਸਿਹਤ ਸੁਰੱਖਿਆ ਨੂੰ ਲੈ ਕੇ ਇਨ੍ਹਾਂ ਨੂੰ ਹੋਮ ਕੁਆਰਨਟਾਈਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਹਾਲੇ ਕੋਈ ਵੀ ਪੋਜਟਿਵ ਕੇਸ ਨਹੀਂ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਰੋਨਾ ਦੇ ਪ੍ਰਭਾਵ ਤੋਂ ਬਚਣ ਲਈ ਘਰਾਂ ਵਿਚ ਹੀ ਬਣੇ ਰਹਿਣ ਅਤੇ ਸਰਕਾਰ ਵੱਲੋਂ ਜਾਰੀ ਸਾਵਧਾਨੀਆਂ ਅਤੇ ਨਿਯਮਾਂ ਦੀ ਪਾਲਨਾ ਕਰਨ ਤਾਂ ਜੋ ਕਰੋਨਾ ਖਿਲਾਫ ਜੰਗ ਨੂੰ ਜਿੱਤਿਆ ਜਾ ਸਕੇ।

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ,ਫ਼ਿਰੋਜ਼ਪੁਰ

ਪ੍ਰੈਸ ਨੋਟ 2

- ਸਾਰੇ ਕਰਫ਼ਿਊ ਪਾਸ ਆਨਲਾਈਨ ਹੀ ਜਾਰੀ ਹੋਣਗੇ, ਘਰ ਤੋ ਹੀ ਕੀਤਾ ਜਾਵੇ ਅਪਲਾਈ-ਡਿਪਟੀ ਕਮਿਸ਼ਨਰ
- ਕਿਹਾ, ਕਰਫ਼ਿਊ ਪਾਸ ਦੇ ਲਈ ਸਰਕਾਰੀ ਦਫ਼ਤਰਾਂ ਵਿਚ ਭੀੜ ਲਗਾਉਣ ਦੀ ਜ਼ਰੂਰਤ ਨਹੀ

ਫਿਰੋਜ਼ਪੁਰ 06 ਅਪ੍ਰੈਲ 2020

ਡਿਪਟੀ ਕਮਿਸ਼ਨਰ ਫਿਰੋਜ਼ਪੁਰ ਸ੍ਰ.ਕੁਲਵੰਤ ਸਿੰਘ ਨੇ ਕਿਹਾ ਕਿ ਜ਼ਿਲ੍ਹੇ ਅੰਦਰ ਸਾਰੇ ਕਰਫ਼ਿਊ ਪਾਸ ਹੁਣ ਆਨਲਾਈਨ ਹੀ ਜਾਰੀ ਹੋਣਗੇ। ਕੋਈ ਵੀ ਪਾਸ ਮੈਨੂਅਲ ਜਾਰੀ ਨਹੀ ਕੀਤਾ ਜਾਵੇਗਾ। ਉਨ੍ਹਾਂ ਨੇ ਕਰਫ਼ਿਊ ਪਾਸ ਦੇ ਲਈ ਐਪਲੀਕੇਸ਼ਨ ਦਾਖਲ ਕਰਨ ਵਾਲੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਲੋਕ ਘਰੋ ਹੀ ਪੰਜਾਬ ਸਰਕਾਰ ਵੱਲੋਂ ਜਾਰ;ੀ ਕੀਤੀ ਗਈ ਵੈੱਬ ਸਾਈਡ https://epasscovid19.pais.net.in/ ਤੇ ਆਪਣੀ ਐਪਲੀਕੇਸ਼ਨ ਦਾਖਲ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਵੱਖ-ਵੱਖ ਤਰ੍ਹਾਂ ਦੇ ਪਾਸ ਲਈ ਐਪਲੀਕੇਸ਼ਨ ਕੋਵਾ ਐਪ ਜਾਂ ਫਿਰ ਇਸ ਵੈੱਬ ਸਾਈਡ ਤੇ ਹੀ ਜਾਰੀ ਕੀਤੇ ਜਾਣਗੇ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜ਼ਰੂਰਤ ਦੇ ਮੁਤਾਬਿਕ ਕਰਫ਼ਿਊ ਪਾਸ ਬਣਾਉਣ ਦੇ ਲਈ ਉਨ੍ਹਾਂ ਸਰਕਾਰੀ ਦਫ਼ਤਰਾਂ ਦੇ ਚੱਕਰ ਲਗਾਉਣ ਦੀ ਜ਼ਰੂਰਤ ਨਹੀ ਹੈ, ਸਰਕਾਰ ਵੱਲੋਂ ਇਹ ਸੁਵਿਧਾ ਆਨਲਾਈਨ ਦਿੱਤੀ ਗਈ। ਜ਼ਰੂਰਤ ਦੇ ਮੁਤਾਬਿਕ ਲੋਕ ਆਪਣੇ ਮੋਬਾਈਲ ਫ਼ੋਨ ਤੋ ਹੀ ਪਾਸ ਲਈ ਐਪਲੀਕੇਸ਼ਨ ਦਾਖਲ ਤੇ ਅਤੇ ਮੋਬਾਈਲ ਫ਼ੋਨ ਤੇ ਹੀ ਪਾਸ ਜਾਰੀ ਕਰਨ ਤੋ ਬਾਅਦ ਵਾਪਸ ਦਿੱਤਾ ਜਾਵੇਗਾ। ਪ੍ਰਸ਼ਾਸਨ ਵੱਲੋਂ ਕਿਸੇ ਵੀ ਪਾਸ ਨੂੰ ਮੈਨੂਅਲ ਐਪਲੀਕੇਸ਼ਨ ਕੇ ਜ਼ਰੀਏ ਸਵੀਕਾਰ ਨਹੀ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਨਲਾਈਨ ਪਾਸ ਦੇ ਲਈ ਵੱਖ-ਵੱਖ ਅਧਿਕਾਰੀਆਂ ਨੂੰ ਅਧਿਕਾਰਤ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਪਾਸ ਦੇ ਲਈ ਆਉਣ ਵਾਲੀ ਐਪਲੀਕੇਸ਼ਨ ਦਾ ਤਤਕਾਲ ਨਿਪਟਾਰਾ ਕਰਨ ਨਿਰਦੇਸ਼ ਵੀ ਦਿੱਤਾ ਗਿਆ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਬਹੁਤ ਜ਼ਿਆਦਾ ਐਮਰਜੈਂਸੀ ਹੋਣ ਤੀ ਪਾਸ ਬਣਵਾਇਆ ਜਾਵੇ। ਉਨ੍ਹਾਂ ਕਿਹਾ ਕਟਾਈ ਅਤੇ ਖ਼ਰੀਦ ਪ੍ਰਕਿਰਿਆ ਨੂੰ ਲੈ ਕੇ ਕਿਸਾਨਾਂ ਨੂੰ ਪਹਿਲ ਦੇ ਅਧਾਰ ਤੇ ਪਾਸ ਜਾਰੀ ਕੀਤੇ ਜਾਣਗੇ। ਉਨ੍ਹਾਂ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਹੀ ਆਉਣ ਦਿੱਤੀ ਜਾਵੇਗੀ।

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ,ਫ਼ਿਰੋਜ਼ਪੁਰ

ਪ੍ਰੈਸ ਨੋਟ :-3

- ਜ਼ਿਲ੍ਹੇ ਵਿਚ ਕੋਰੋਨਾ ਵਾਇਰਸ ਦਾ ਇੱਕ ਵੀ ਕੇਸ ਨਹੀ, ਸ਼ੱਕੀ ਮਰੀਜ਼ ਦੀ ਰਿਪੋਰਟ ਆਈ ਨੈਗੇਟਿਵ:- ਡਿਪਟੀ ਕਮਿਸ਼ਨਰ
- ਕਿਹਾ, ਲੋਕਾਂ ਨੂੰ ਸੋਸ਼ਲ ਮੀਡੀਆ 'ਤੇ ਹਰ ਮਾਮਲੇ ਨੂੰ ਕੋਰੋਨਾ ਵਾਇਰਸ ਨਾਲ ਜੋੜ ਕੇ ਵਾਇਰਲ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਡਰ ਦਾ ਮਾਹੌਲ ਪੈਦਾ ਕਰਨ ਵਾਲਿਆਂ ਖ਼ਿਲਾਫ਼ ਹੋਵੇਗੀ ਕਾਰਵਾਈ
- ਮੀਡੀਆ ਨੂੰ ਲੈਬ ਰਿਪੋਰਟ ਦੀ ਪੁਸ਼ਟੀ ਹੋਣ ਤੋਂ ਬਾਅਦ ਹੀ ਮਾਮਲੇ ਨੂੰ ਪ੍ਰਕਾਸ਼ਿਤ ਕਰਨ ਦੀ ਅਪੀਲ

ਫਿਰੋਜ਼ਪੁਰ 6 ਅਪ੍ਰੈਲ 2020

ਜ਼ਿਲ੍ਹੇ ਵਿਚ ਕੋਰੋਨਾ ਵਾਇਰਸ ਦਾ ਹੁਣ ਤੱਕ ਇੱਕ ਵੀ ਕੇਸ ਸਾਹਮਣੇ ਨਹੀ ਆਈਆ ਹੈ। ਸ਼ਨੀਵਾਰ ਨੂੰ ਗੁਰੂਹਰਸਹਾਏ ਸਬ ਡਵੀਜ਼ਨ ਦੇ ਜਿਸ ਮਰੀਜ਼ ਦੇ ਸੈਂਪਲ ਲੈਬ ਟੈਸਟਟਿੰਗ ਦੇ ਲਈ ਭੇਜੇ ਗਏ ਸੀ, ਉਸ ਦੀ ਰਿਪੋਰਟ ਨੈਗੇਟਿਵ ਆਈ ਹੈ। ਇਸ ਦੇ ਨਾਲ ਹੁਣ ਤੱਕ ਜ਼ਿਲ੍ਹੇ ਵਿਚ ਜਿਨ੍ਹੇ ਵੀ ਲੋਕਾਂ ਦੇ ਸੈਂਪਲ ਲਏ ਗਏ ਹਨ, ਉਨ੍ਹਾਂ ਸਾਰੀਆਂ ਦੀ ਰਿਪੋਰਟ ਨੈਗੇਟਿਵ ਆਈ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਕਾਫੀ ਦੁੱਖ ਦੀ ਗੱਲ ਹੈ ਕਿ ਹਰੇਕ ਕੇਸ ਨੂੰ ਕੋਰੋਨਾ ਵਾਇਰਸ ਨਾਲ ਜੋੜ ਕਰ ਸੋਸ਼ਲ ਮੀਡੀਆ ਤੇ ਵਾਇਰਲ ਕਰਨੇ ਦਾ ਰੁਝਾਨ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਅਤੇ ਪੁਲੀਸ ਵੱਲੋਂ ਇਸ ਤਰ੍ਹਾਂ ਦੀ ਅਫ਼ਵਾਹ ਫੈਲਾਉਣ ਵਾਲੀਆ ਤੇ ਕੜੀ ਨਿਗਰਾਨੀ ਰੱਖੀ ਜਾ ਰਹੀ ਹੈ ਅਤੇ ਸਾਰੇ ਕੇਸ ਪੁਲੀਸ ਦੀ ਸਾਈਬਰ ਬਰਾਂਚ ਨੂੰ ਕਾਰਵਾਈ ਦੇ ਲਈ ਭੇਜੇ ਜਾ ਰਹੇ ਹਨ।

ਸ੍ਰ.ਕੁਲਵੰਤ ਸਿੰਘ ਨੇ ਕਿਹਾ ਕਿ ਹਸਪਤਾਲ ਵਿਖੇ ਦਾਖਲ ਹੋਣ ਵਾਲੇ ਕਿਸੇ ਵੀ ਮਰੀਜ਼ ਨੂੰ ਕੋਰੋਨਾ ਦਾ ਮਰੀਜ਼ ਦੱਸਣਾ ਗਲਤ ਹੈ ਕਿਉਂਕਿ ਕੋਰੋਨਾ ਵਾਇਰਸ ਦੇ ਲੱਛਣ ਅਤੇ ਆਮ ਸਰਦੀ, ਖਾਂਸੀ ਦੇ ਲੱਛਣ ਕਾਫੀ ਮਿਲਦੇ-ਜੁਲਦੇ ਹਨ , ਇਸ ਲਈ ਸਾਨੂੰ ਇਸ ਤਰ੍ਹਾਂ ਦੇ ਮਾਮਲੇ ਵਿਚ ਕਾਫੀ ਸਾਵਧਾਨੀ ਵਰਤਣੀ ਚਾਹੀਦੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੁੱਝ ਮਾਮਲਿਆਂ ਵਿਚ ਮਰੀਜ਼ਾ ਦੀ ਮੌਤ ਹੋਣ ਤੇ ਸੋਸ਼ਲ ਮੀਡੀਆ ਤੇ ਇਹ ਵਾਇਰਲ ਕਰ ਦਿੱਤਾ ਗਿਆ ਕਿ ਕੋਰੋਨਾ ਵਾਇਰਸ ਨਾਲ ਸ਼ੱਕੀ ਮਰੀਜ਼ ਦੀ ਮੌਤ ਹੋ ਗਈ। ਜਿਸ ਤੋ ਬਾਅਦ ਪ੍ਰਸ਼ਾਸਨ ਦੇ ਲਈ ਸਬੰਧਿਤ ਮਰੀਜ਼ ਦਾ ਸਸਕਾਰ ਕਰਨ ਲਈ ਕਾਫੀ ਪੇਸ਼ਾਨੀ ਪੈਦਾ ਹੁੰਦੀ ਹੈ। ਇਸ ਲਈ ਬਿਨਾਂ ਕਨਫਰਮੇਸ਼ਨ ਦੇ ਇਸ ਤਰ੍ਹਾਂ ਦੀਆਂ ਗੱਲਾ ਨਾ ਫੈਲਾਇਆ ਜਾਣ।

ਡਿਪਟੀ ਕਮਿਸ਼ਨਰ ਨੇ ਮੀਡੀਆ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਕਿਸੇ ਵੀ ਮਰੀਜ਼ ਦੀ ਲੈਬ ਰਿਪੋਰਟ ਵਿਚ ਕੋਰੋਨਾ ਵਾਇਰਸ ਦੀ ਪੁਸ਼ਟੀ ਹੋਣ ਤੋ ਬਾਅਦ ਹੀ ਉਹ ਖ਼ਬਰ ਨੂੰ ਪ੍ਰਕਾਸ਼ਿਤ ਕਰਨ। ਕਿਉਂਕਿ ਬਿਨਾਂ ਲੈਬ ਰਿਪੋਰਟ ਦੇ ਇਸ ਤਰ੍ਹਾਂ ਦੀਆ ਸੂਚਨਾਵਾਂ ਨਾਲ ਲੋਕਾਂ ਵਿਚ ਡਰ ਦਾ ਮਾਹੌਲ ਪੈਦਾ ਹੁੰਦਾ ਹੈ ਅਤੇ ਕਿਸੇ ਮਰੀਜ਼ ਦੀ ਮੌਤ ਹੋਣ ਜਾਣ ਤੇ ਉਸ ਦੇ ਸੰਸਕਾਰ ਨੂੰ ਲੈ ਕੇ ਕਾਫੀ ਪ੍ਰੇਸ਼ਾਨੀ ਪੈਦਾ ਹੁੰਦੀ ਹੈ।

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫਿਰੋਜ਼ਪੁਰ



- ਡਿਪਟੀ ਕਮਿਸ਼ਨਰ ਦੀ ਅਪੀਲ ਤੋਂ ਬਾਅਦ ਅੱਗੇ ਆਈਆਂ ਯੂਥ ਸੰਸਥਾਵਾਂ, ਦਿੱਕਤ ਆਉਣ 'ਤੇ ਸੰਸਕਾਰ ਲਈ ਦਿੱਤੀ ਜਾਵੇਗੀ ਥਾਂ6
- ਕਿਹਾ, ਕਿਸੇ ਵੀ ਪੌਜ਼ਟਿਵ ਜਾਂ ਸ਼ੱਕੀ ਮਰੀਜ਼ ਦੇ ਸੰਸਕਾਰ ਵਿਚ ਦਿੱਕਤ ਆਈ ਤਾਂ ਸੰਸਥਾ ਮੁਹੱਈਆ ਕਰਵਾਏਗੀ ਸੰਸਕਾਰ ਲਈ ਥਾਂ ਅਤੇ ਸਹਾਇਤਾ

ਫ਼ਿਰੋਜਪੁਰ, 6 ਅਪ੍ਰੈਲ-

ਡਿਪਟੀ ਕਮਿਸ਼ਨਰ ਫਿਰੋਜ਼ਪੁਰ ਸ੍ਰੀ ਕੁਲਵੰਤ ਸਿੰਘ ਵੱਲੋਂ ਹਸਪਤਾਲ ਵਿਚ ਇਲਾਜ ਦੌਰਾਨ ਦਮ ਤੋੜਨ ਵਾਲੇ ਮਰੀਜ਼ਾਂ ਦੇ ਸੰਸਕਾਰ ਵਿਚ ਰੁਕਾਵਟ ਨਾ ਪੈਦਾ ਕਰਨ ਦੀ ਕੀਤੀ ਅਪੀਲ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਸੋਮਵਾਰ ਨੂੰ ਕੁੱਝ ਸਮਾਜਿਕ ਸੰਸਥਾਵਾਂ ਇਸ ਮਾਮਲੇ ਵਿਚ ਸਹਾਇਤਾ ਲਈ ਅੱਗੇ ਆਈਆਂ ਹਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਤਰ੍ਹਾਂ ਦੇ ਮਾਮਲੇ ਵਿਚ ਪੂਰੀ ਸਹਾਇਤਾ ਦੇਣ ਦੀ ਗੱਲ ਕੀਤੀ ਹੈ। ਸ਼ਹੀਦ ਏ ਵਤਨ ਯੂਥ ਆਰਗੇਨਾਈਜ਼ੇਸ਼ਨ ਅਤੇ ਗਰੀਨ ਫ਼ੀਲਡ ਰਿਪੋਰਟ ਤੋਂ ਸਰਪੰਚ ਮਨਵਿੰਦਰ ਸਿੰਘ ਸੰਧੂ ਉਰਫ ਮਨੀ, ਗੁਰਨਾਮ ਸਿੰਘ ਟਿੱਬੀ ਨੇ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਮਾਮਲਿਆਂ ਵਿਚ ਸੰਸਥਾ ਨਾ ਸਿਰਫ਼ ਪ੍ਰਸ਼ਾਸਨ ਨੂੰ ਸੰਸਕਾਰ ਲਈ ਥਾ ਮੁਹੱਈਆ ਕਰਵਾਏਗੀ ਬਲਕਿ ਹਰ ਤਰ੍ਹਾਂ ਦਾ ਸਹਿਯੋਗ ਦੇਵੇਗੀ।
ਪਟੇਲ ਨਗਰ ਦੇ ਰਹਨ ਵਾਲੇ ਮਨੀ ਸਰਪੰਚ ਨੇ ਕਹਾ ਕਿ ਕੋਰੋਨਾ ਵਾਇਰਸ ਨੇ ਲੋਕਾਂ ਦੇ ਚਿਹਰੇ ਤੋਂ ਇੰਨਸਾਨੀਯਤ ਦਾ ਝੂਠਾ ਨਕਾਬ ਉਤਾਰ ਦਿੱਤਾ ਹੈ ਕਿਉਂਕਿ ਦੁੱਖ ਦੀ ਇਸ ਘੜੀ ਵਿਚ ਲੋਕ ਕਿਸੇ ਦਾ ਸੰਸਕਾਰ ਵੀ ਨਹੀਂ ਕਰਨ ਦੇ ਰਹੇ ਜੋ ਕਿ ਸ਼ਰਮ ਦੀ ਗੱਲ ਹੈ। ਉਨ੍ਹਾਂ ਕਿਹਾ ਉਨ੍ਹਾਂ ਦੀ ਸੰਸਥਾ ਜੇਕਰ ਇਹੋ ਜਾ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਨਾ ਸਿਰਫ਼ ਥਾਂ ਮੁਹੱਈਆ ਕਰਵਾਏਗੀ ਬਲਕਿ ਪ੍ਰਸ਼ਾਸਨ ਦਾ ਹਰ ਤਰਫ਼ੋਂ ਸਹਿਯੋਗ ਦੇਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਮਰੀਜ਼ ਦੀ ਮੌਤ ਹੋਣ ਤੇ ਲੋਕ ਉਸ ਨੂੰ ਕੋਰੋਨਾ ਵਾਇਰਸ ਨਾਲ ਜੋੜ ਰਹੇ ਹਨ ਅਤੇ ਉਸ ਦਾ ਸੰਸਕਾਰ ਨਹੀਂ ਹੋਣ ਦੇ ਰਹੇ, ਜੋ ਕਿ ਸਹੀ ਗੱਲ ਨਹੀਂ ਹੈ।
ਡਿਪਟੀ ਕਮਿਸ਼ਨਰ ਨੇ ਇਨ੍ਹਾਂ ਨੌਜਵਾਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਦੁੱਖ ਦੀ ਇਸ ਘੜੀ ਵਿਚ ਸਾਰਿਆਂ ਨੂੰ ਇਕਠੇ ਰਹਿਣਾ ਚਾਹੀਦਾ ਹੈ ਤਾਂ ਹੀ ਅਸੀਂ ਵਾਇਰਸ ਖ਼ਿਲਾਫ਼ ਜੰਗ ਨੂੰ ਜਿਤ ਸਕਦੇ ਹਾਂ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦਾ ਕੋਈ ਵੀ ਵਿਗਿਆਨੀ ਤੱਥ ਸਾਹਮਣੇ ਨਹੀਂ ਆਇਆ ਹੈ ਕਿ ਕੋਰੋਨਾ ਵਾਇਰਸ ਦੇ ਮਰੀਜ਼ ਦਾ ਸੰਸਕਾਰ ਕਰਨ ਨਾਲ ਵਾਇਰਸ ਫੈਲਦਾ ਹੈ ਬਲਕਿ ਕਿ ਇਸ ਦੇ ਉਲਟ ਇਹ ਸਾਬਤ ਹੋਇਆ ਹੈ ਕਿ ਕਿਸੇ ਕੋਰੋਨਾ ਪੋਜਟਿਵ ਮਰੀਜ਼ ਦਾ ਜਿੰਨਾ ਜਲਦੀ ਸੰਸਕਾਰ ਕੀਤਾ ਜਾਵੇ ਉਹ ਚੰਗਾ ਹੋਵੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੰਸਕਾਰ ਕਰਨ ਨਾਲ ਨਾ ਸਿਰਫ਼ ਵਾਇਰਸ ਖ਼ਤਮ ਹੋ ਜਾਂਦਾ ਹੈ ਬਲਕਿ ਉਸ ਦੇ ਫੈਲਣ ਦੀ ਸੰਭਾਵਨਾ ਵੀ ਖ਼ਤਮ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਲੋਕ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਣ ਅਤੇ ਕਿਸੇ ਵੀ ਮਰੀਜ਼ ਦੀ ਮੌਤ ਤੇ ਉਸ ਦੇ ਸੰਸਕਾਰ ਵਿਚ ਕੋਈ ਰੁਕਾਵਟ ਨਾ ਪੈਦਾ ਕਰਨ।

ਦਫਤਰ ਜਿਲ੍ਹਾ ਲੋਕ ਸੰਪਰਕ ਅਫਸਰ,ਫਿਰੋਜ਼ਪੁਰ

ਪ੍ਰੈਸ ਨੋਟ ਨੰ:5

- ਪ੍ਰਸ਼ਾਸਨ ਨੇ ਸਾਰੇ ਹਸਪਤਾਲਾਂ ਤੋਂ ਐਬੂਲੈਸ ਅਤੇ ਡਰਾਇਵਰ ਦਾ ਵੇਰਵਾ ਮੰਗੀਆ, ਸੰਸਾਧਨ ਸੂਚੀ ਵਿਚ ਸ਼ਾਮਲ ਹੋਵੇਗੀ ਜਾਣਕਾਰੀ
- ਸਾਰੇ ਹਸਪਤਾਲਾ ਨੂੰ ਉਨ੍ਹਾਂ ਦੁਆਰਾ ਸੰਚਾਲਿਤ ਐਬੂਲੈਸ , ਉਨ੍ਹਾਂ ਨੂੰ ਚਲਾਉਣ ਵਾਲੇ ਡਰਾਇਵਰ ਦੀ ਡਿਟੇਲ ਅਤੇ ਮੋਬਾਇਲ ਨੰਬਰ ਭੇਜਣ ਦਾ ਨਿਰਦੇਸ਼

ਫਿਰੋਜ਼ਪੁਰ 6 ਅਪ੍ਰੈਲ 2020

ਕੋਰੋਨਾ ਵਾਇਰਸ ਦੇ ਖਿਲਾਫ ਚੱਲ ਰਹੀ ਜੰਗ ਵਿਚ ਜਿਲ੍ਹਾ ਪੱਧਰ ਤੇ ਉਪਲੱਬਧ ਸੰਸਾਧਾਨਾਂ ਦੀ ਸੂਚੀ ਵਿਚ ਜਿਲ੍ਹੇ ਵਿਚ ਚੱਲਣ ਵਾਲੀ ਸਾਰੀ ਐਬੂਲੈਸ ਦਾ ਵੇਰਵਾ ਸ਼ਾਮਲ ਕਰਨ ਲਈ ਜਿਲ੍ਹਾ ਪ੍ਰਸ਼ਾਸਨ ਨੇ ਜਿਲ੍ਹੇ ਦੇ ਸਮੂਹ ਹਸਪਤਾਲਾ ਤੋ ਉਨ੍ਹਾਂ ਨਾਲ ਸਬੰਧਿਤ ਐਬੂਲੈਸ ਦਾ ਵੇਰਵਾ ਮੰਗੀਆ ਹੈ। ਜਿਲ੍ਹਾ ਰੈਡ ਕਰਾਸ ਸੋਸਾਇਟੀ ਦੇ ਜਾਰੀ ਪੱਤਰ ਵਿਚ ਸਮੂਹ ਹਸਪਤਾਲਾਂ ਨੂੰ ਉਨ੍ਹਾਂ ਦੁਆਰਾ ਸੰਚਾਲਿਤ ਐਬੂਲੈਸ ਜਾ ਉਨ੍ਹਾਂ ਦੇ ਹਸਪਤਾਲ ਨਾਲ ਐਟਚ ਐਬੂਲੈਸ ਦਾ ਵੇਰਵਾ ਦੇਣ ਲਈ ਕਿਹਾ ਹੈ। ਇਸ ਤੋ ਇਲਾਵਾ ਐਬੂਲੈਸ ਚਲਾਉਣ ਵਾਲੇ ਡਰਾਇਵਰ ਦੀ ਜਾਣਕਾਰੀ ਅਤੇ ਮੋਬਾਇਲ ਨੰਬਰ ਉਪਲੱਬਧ ਕਰਵਾਉਣ ਲਈ ਵੀ ਕਿਹਾ ਗਿਆ ਹੈ। ਇਹ ਜਾਣਕਾਰੀ ਜਿਲ੍ਹੇ ਦੇ ਸਰੋਤਾਂ ਦੀ ਸੂਚੀ ਵਿਚ ਸ਼ਾਮਲ ਕੀਤੀ ਜਾਵੇਗੀ ਅਤੇ ਕਿਸੇ ਵੀ ਅਮਰਜੈਸੀ ਜਾ ਲੋੜ ਸਮੇ ਇਨ੍ਹਾਂ ਸਾਧਨਾ ਦਾ ਇਸਤੇਮਾਲ ਕੀਤਾ ਜਾ ਸਕੇ।

ਰੈਡ ਕਰਾਸ ਸੋਸਾਇਟੀ ਦੇ ਸਕੱਤਰ ਅਸੋਕ ਬਹਿਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਦੇ ਨਿਰਦੇਸ਼ਾ ਤੇ ਸਾਰੀਆ ਐਬੂਲੈਸ ਦੀ ਡਿਟੇਲ ਇੱਕਠੀ ਕੀਤੀ ਜਾ ਰਹੀ ਹੈ ਤਾਂ ਜੋ ਲੋੜ ਪੈਣ ਤੇ ਇਨ੍ਹਾਂ ਦਾ ਇਸਤੇਮਾਲ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਸਮੂਹ ਹਸਪਤਾਲਾਂ ਵੱਲੋਂ ਇਹ ਡਿਟੇਲ redcrossferozepur@rediffmail.com ਜਾ ਫਿਰ ਟੈਲੀਫੋਨ ਨੰਬਰ 94174-00009 ਤੇ ਜਲਦ ਤੋ ਜਲਦ ਭੇਜੀ ਜਾਵੇ। ਇਸ ਤੋ ਇਲਾਵਾ ਹਸਪਤਾਲ ਅਤੇ ਸਬੰਧਿਤ ਆਥੋਰਟੀ ਦੇ ਸੰਪਰਕ ਨੰਬਰ ਦੀ ਜਾਣਕਾਰੀ ਵੀ ਭੇਜੀ ਜਾਵੇ।

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਿਰੋਜ਼ਪੁਰ

**ਪ੍ਰੈਸ ਨੋਟ 6**

- **ਰੈੱਡ ਕਰਾਸ ਸੋਸਾਇਟੀ ਨੇ ਐਂਬੂਲੈਂਸ ਵੈਨ ਸਿਵਲ ਹਸਪਤਾਲ ਨਾਲ ਕੀਤੀ ਅਟੈਚ**

ਫਿਰੋਜ਼ਪੁਰ 6 ਅਪ੍ਰੈਲ ( ) ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਨੇ ਕੋਰੋਨਾ ਵਾਇਰਸ ਦੀ ਮਹਾਮਾਰੀ ਨੂੰ ਦੇਖਦੇ ਹੋਏ ਆਪਣੀ ਐਂਬੂਲੈਂਸ ਵੈਨ ਸਿਵਲ ਹਸਪਤਾਲ ਨਾਲ ਅਟੈਚ ਕਰ ਦਿੱਤੀ ਹੈ। ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਦੇ ਸਕੱਤਰ ਅਸ਼ੋਕ ਬਹਿਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸ੍ਰ: ਕੁਲਵੰਤ ਸਿੰ ਦੇ ਨਿਰਦੇਸ਼ਾ ਤੇ ਐਂਬੂਲੈਂਸ ਵੈਨ ਨੰਬਰ ਪੀਬੀ-05-ਏਕੇ-6510 ਨੂੰ ਸਿਵਲ ਹਸਪਤਾਲ ਨਾਲ ਅਟੈਚ ਕਰ ਦਿੱਤਾ ਹੈ। ਇਹ ਵੈਨ ਕੋਰੋਨਾ ਵਾਇਰਸ ਨਾਲ ਸਬੰਧਿਤ ਮਰੀਜਾਂ ਲਈ ਤੈਨਾਤ ਕੀਤੀ ਗਈ ਹੈ ਤਾਂ ਜੋ ਮਰੀਜਾਂ ਨੂੰ ਹਸਪਤਾਲ ਲਿਆਉਣ ਅਤੇ ਛੁੱਟੀ ਤੋਂ ਬਾਅਦ ਘਰ ਛੱਡਣ ਵਿਚ ਮੱਦਦ ਮਿਲ ਸਕੇ।

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ,ਫਿਰੋਜ਼ਪੁਰ

ਪ੍ਰੈਸ ਨੋਟ ਨੰ:-7

ਕੈਪਟਨ ਸਰਕਾਰ ਸੰਕਟ ਦੀ ਇਸ ਘੜੀ ਵਿਚ ਲੋਕਾਂ ਨੂੰ ਰਾਸ਼ਨ, ਖਾਣਾ ਅਤੇ ਜ਼ਰੂਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ:-ਵਿਧਾਇਕ ਪਿੰਕੀ

ਕਿਹਾ, ਫ਼ਿਰੋਜ਼ਪੁਰ ਅੰਦਰ ਰੋਜ਼ਾਨਾ ਹਜ਼ਾਰਾਂ ਦੀ ਤਾਦਾਦ ਵਿਚ ਸੰਗਤ ਦੇ ਲਈ ਤਿਆਰ ਹੋ ਰਿਹਾ ਹੈ ਲੰਗਰ ਅਤੇ ਘਰਾਂ ਤੱਕ ਪਹੁੰਚ ਰਿਹਾ ਹੈ ਰਾਸ਼ਨ

ਫਿਰੋਜ਼ਪੁਰ 6 ਅਪ੍ਰੈਲ 2020

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਪੰਜਾਬ ਸਰਕਾਰ ਕੋਰੋਨਾ ਵਾਇਰਸ ਦੀ ਮਹਾਂਮਾਰੀ ਦੇ ਚੱਲਦੇ ਲਗਾਏ ਗਏ ਕਰਫ਼ਿਊ ਦੇ ਦੌਰਾਨ ਪੰਜਾਬ ਦੇ ਲੋਕਾਂ ਤੱਕ ਖਾਣਾ ਅਤੇ ਜ਼ਰੂਰੀ ਸੇਵਾਵਾਂ ਪੁਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਵਿਚਾਰ ਸ਼ਹਿਰੀ ਹਲਕੇ ਦੇ ਵਿਧਾਇਕ ਸ੍ਰ.ਪਰਮਿੰਦਰ ਸਿੰਘ ਪਿੰਕੀ ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਫਿਰੋਜ਼ਪੁਰ ਵਿਚ ਲੋਕਾਂ ਦੀ ਸੇਵਾ ਲਈ ਜਿਸ ਤਰ੍ਹਾਂ ਸਮਾਜ ਸੇਵੀ ਸੰਸਥਾਵਾਂ ਅੱਗੇ ਆਇਆ ਹਨ, ਇਹ ਇੱਕ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਰੋਜ਼ਾਨਾ 25 ਹਜ਼ਾਰ ਤੋ ਜ਼ਿਆਦਾ ਲੋਕਾਂ ਦੇ ਲਈ ਲੰਗਰ ਤਿਆਰ ਕੀਤਾ ਜਾ ਰਿਹਾ ਹੈ ਅਤੇ ਵੱਡੀ ਤਾਦਾਦ ਵਿਚ ਲੋਕਾਂ ਤੱਕ ਸੁੱਕਾ ਰਾਸ਼ਨ ਵੀ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਕਟ ਦੀ ਇਸ ਘੜੀ ਵਿਚ ਸਾਨੂੰ ਇੱਕ ਪਰਿਵਾਰ ਦੀ ਤਰ੍ਹਾਂ ਕੰਮ ਕਰਨਾ ਹੋਵੇਗਾ, ਤਾ ਹੀ ਇਸ ਮੁਸੀਬਤ ਤੋ ਪਾਰ ਪਾਇਆ ਜਾ ਸਕਦਾ ਹੈ।

ਵਿਧਾਇਕ ਪਰਮਿੰਦਰ ਸਿੰਘ ਪਿੰਕੀ ਨੇ ਦੱਸਿਆ ਕਿ ਇਸ ਵਕਤ ਸ੍ਰੀ.ਰਾਮ ਸ਼ਰਨਮ ਆਸ਼ਰਮ, ਪਿੰਡ ਬਾਰੇ ਕੇ, ਰਾਧਾ ਸੁਆਮੀ ਸਤਿਸੰਗ ਘਰ, ਗੁਰੂ ਰਾਮ ਦਾਸ ਨਗਰ,ਵਰਧ ਆਸ਼ਰਮ, ਬੀ.ਡੀ.ਪੀ.ਓ ਦਫ਼ਤਰ, ਖ਼ਾਲਸਾ ਗੁਰਦੁਆਰਾ ਸਾਹਿਬ, ਜੰਜ ਘਰ, ਬਸਤੀ ਟੈਂਕਾ ਵਾਲੀ ਗੁਰਦੁਆਰਾ ਘਰ ਸਮੇਤ ਵੱਖ-ਵੱਖ ਥਾਵਾਂ ਤੇ ਲੰਗਰ ਦੀ ਸੇਵਾ ਚੱਲ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਲੋਕ ਸਿਰਫ਼ ਆਪਣੇ ਘਰਾਂ ਵਿਚ ਰਹਿਣ ਅਤੇ ਕਰਫ਼ਿਊ ਦੀ ਪਲਾਣਾਂ ਕਰਨ। ਸਰਕਾਰ ਵੱਲੋਂ ਲੋਕਾਂ ਤੱਕ ਖਾਣਾ ਅਤੇ ਰਾਸ਼ਨ ਮੁਹੱਈਆ ਕਰਵਾਉਣ ਵਿਚ ਕੋਈ ਕਮੀ ਨਹੀ ਆਉਣ ਦਿੱਤੀ ਜਾਵੇਗੀ। ਜੇ ਕੋਈ ਲੋੜਵੰਦ ਹੈ ਤਾਂ, ਉਹ ਮਦਦ ਲਈ ਸੰਪਰਕ ਕਰ ਸਕਦੇ ਹਨ।